# ਔਨਲਾਈਨ ਸੁਰੱਖਿਅਤ ਰਹਿਣ ਲਈ 10 ਸੁਝਾਅ

- ਉਹਨਾਂ ਐਪਾਂ ਬਾਰੇ ਜਿਹੜੇ ਉਹ ਵਰਤਦੇ ਹਨ ਅਤੇ ਜਿਨ੍ਹਾਂ ਲੋਕਾਂ ਨਾਲ ਉਹ ਗੱਲਬਾਤ ਕਰਦੇ ਹਨ ਬਾਰੇ ਆਮ ਹੀ ਗੱਲਬਾਤ ਕਰੋ; ਸਪਸ਼ਟ ਰੂਲ ਸੈੱਟ ਕਰੋ, ਅਤੇ ਇੱਥੋਂ ਤੱਕ ਕਿ ਉਹਨਾਂ ਨੂੰ ਲਿਖ ਵੀ ਲਉ।
- ਤੁਹਾਡੇ ਬੱਚੇ ਦੀ ਉਮਰ ਅਨੁਸਾਰ, ਤੁਸੀਂ ਉਨ੍ਹਾਂ ਨੂੰ ਆਖ ਸਕਦੇ ਹੋ ਕਿ ਉਹ ਨਵੀਂਆਂ ਗੇਮਾਂ ਖੇਡਣ ਜਾਂ ਦੋਸਤੀ ਦੀ ਬੇਨਤੀ (ਫ੍ਰੈਂਡ ਰੀਕੁਇਸਟ) ਸਵੀਕਾਰ ਕਰਨ ਤੋਂ ਪਹਿਲਾਂ ਤੁਹਾਡੇ ਨਾਲ ਗੱਲ ਕਰਨ। 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ, ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਉਨ੍ਹਾਂ ਦੀਆਂ ਔਨਲਾਈਨ ਗਤੀਵਿਧੀਆਂ ਦੀ ਨਿਗਰਾਨੀ ਮਾਤਾ-ਪਿਤਾ ਜਾਂ ਭਰੋਸੇਯੋਗ ਬਾਲਗ ਦੁਆਰਾ ਰੱਖੀ ਜਾਵੇ।
- ਬਹੁਤ ਸਾਰੇ ਬੱਚੇ ਸਹਾਇਤਾ ਕਰਨ ਲਈ ਨਹੀਂ ਕਹਿੰਦੇ ਕਿਉਂਕਿ ਉਹ ਡਰਦੇ ਹਨ ਕਿ ਉਨ੍ਹਾਂ ਦਾ ਸਕਰੀਨ ਸਮਾਂ ਜਾਂ ਡਿਵਾਈਸਾਂ (ਟੈਬਲੇਟ, ਫ਼ੋਨ ਆਦਿ) ਉਨ੍ਹਾਂ ਤੋਂ ਲੈ ਲਈਆਂ ਜਾਣਗੀਆਂ। ਇਹ ਪੱਕਾ ਕਰੋ ਕਿ ਤੁਹਾਡਾ ਬੱਚਾ ਜਾਣਦਾ ਹੋਵੇ ਕਿ ਜੇਕਰ ਉਹ ਤੁਹਾਡੇ ਤੋਂ ਮਦਦ ਮੰਗਦਾ ਹੈ ਤਾਂ ਉਹ ਮੁਸ਼ਕਲ ਵਿੱਚ ਨਹੀਂ ਪਵੇਗਾ।
- ਆਪਣੇ ਬੱਚੇ ਨੂੰ ਯਾਦ ਦਿਵਾਉ ਕਿ ਔਨਲਾਈਨ-ਦੋਸਤ ਜ਼ਰੂਰੀ ਨਹੀਂ ਕਿ ਉਹ ਹੋਣ ਜੋ ਉਹ ਕਹਿੰਦੇ ਹਨ। ਜਦੋਂ ਕੋਈ ਬੱਚਾ ਪ੍ਰਾਈਵੇਟ ਤੌਰ 'ਤੇ ਚੈਟ ਕਰਨ ਜਾਂ ਔਨਲਾਈਨ ਦੋਸਤ ਨੂੰ ਅਸਲ 'ਚ ਮਿਲਣ ਦਾ ਫੈਸਲਾ ਕਰਦਾ ਹੈ, ਤਾਂ ਉਹ ਉਨ੍ਹਾਂ ਨੂੰ ਆਪਣਾ ਦੋਸਤ ਸਮਝਦੇ ਹੋ ਸਕਦੇ ਹਨ, ਕਿਉਂਕਿ ਉਹ ਸ਼ਾਇਦ ਕਾਫੀ ਸਮੇਂ ਤੋਂ ਚੈਟ (ਗੱਲਬਾਤ) ਕਰ ਰਹੇ ਹੋਣ। ਉਨ੍ਹਾਂ ਨੂੰ ਚੇਤਾ ਕਰਾਉ ਕਿ ਜਿਸ ਕਿਸੇ ਨੂੰ ਵੀ ਉਹ ਅਸਲ ਜ਼ਿੰਦਗੀ ਤੋਂ ਨਹੀਂ ਜਾਣਦੇ, ਉਨ੍ਹਾਂ ਨੂੰ ਅਜਨਬੀ ਮੰਨਿਆ ਜਾਂਦਾ ਹੈ।
- ਆਪਣੇ ਬੱਚੇ ਨੂੰ ਸਲਾਹ ਦਿਉ ਕਿ ਉਸ ਨੂੰ ਪਲੇਟਫਾਰਮ ਨਹੀਂ ਬਦਲਣੇ ਚਾਹੀਦੇ ਅਤੇ/ਜਾਂ ਗੇਮਿੰਗ ਦੋਸਤਾਂ ਨੂੰ ਸੋਸ਼ਲ ਮੀਡੀਆ 'ਤੇ ਨਹੀਂ ਜੋੜਨਾ ਚਾਹੀਦਾ।
- ਦੱਸੋ ਕਿ ਕਿਸ ਕਿਸਮ ਦੀ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਣੀ ਚਾਹੀਦੀ। ਉਦਾਹਰਨ ਵਜੋਂ: ਉਮਰ, ਥਾਂ, ਨਿੱਜੀ ਜਾਣਕਾਰੀ, ਤਸਵੀਰਾਂ।
- ਆਪਣੇ ਬੱਚੇ ਨੂੰ ਸਿਖਾਉ ਕਿ ਉਹ ਕਦੇ ਵੀ ਔਨਲਾਈਨ ਗਿਫਟ ਜਿਵੇਂ ਕਿ ਪੈਸੇ, ਗਿਫਟ ਕਾਰਡ, ਚੀਟ ਕੋਡ ਜਾਂ ਔਨਲਾਈਨ ਦੋਸਤਾਂ ਤੋਂ ਐਡਮਿਨ ਕੋਡ ਸਵੀਕਾਰ ਨਾ ਕਰੇ।
- ਸਮਝਾਉ ਕਿ ਉਹਨਾਂ ਨੂੰ ਕਦੇ ਵੀ ਕਿਸੇ ਔਨਲਾਈਨ ਦੋਸਤ ਨੂੰ ਮਾਪਿਆਂ ਜਾਂ ਕਿਸੇ ਹੋਰ ਭਰੋਸੇਯੋਗ ਬਾਲਗ ਦੇ ਸਾਥ ਤੋਂ ਬਿਨਾਂ ਅਸਲ ਵਿੱਚ ਨਹੀਂ ਮਿਲਣਾ ਚਾਹੀਦਾ।
- ਆਪਣੇ ਬੱਚੇ ਨਾਲ ਇੱਕ ਸੁਰੱਖਿਆ ਦੀ ਯੋਜਨਾ ਬਣਾਉ ਜਿਸ ਵਿੱਚ ਇਹ ਦੱਸਿਆ ਜਾਵੇ ਕਿ ਜੇਕਰ ਕੋਈ ਉਨ੍ਹਾਂ ਨੂੰ ਲਿੰਗਕ ਤਸਵੀਰਾਂ ਭੇਜਣ ਲਈ ਕਹਿੰਦਾ ਹੈ ਜਾਂ ਲਿੰਗਕ ਸਮਗਰੀ ਭੇਜਦਾ ਹੈ ਤਾਂ ਕੀ ਕਰਨਾ ਹੈ: ਗੱਲਬਾਤ ਕਰਨੀ ਬੰਦ ਕਰ ਦੇਵੋ, ਕਿਸੇ ਦੇਖਭਾਲ ਕਰਨ ਵਾਲੇ ਜਾਂ ਹੋਰ ਭਰੋਸੇਮੰਦ ਬਾਲਗਾਂ ਨੂੰ ਦੱਸੋ (ਦੱਸੋ ਕਿ ਭਰੋਸੇਯੋਗ ਬਾਲਗ ਕੌਣ ਹੈ), ਜਿਹੜਾ ਵਿਅਕਤੀ ਤੁਹਾਡੇ ਬੱਚੇ ਨੂੰ ਅਸੁਰੱਖਿਅਤ ਮਹਿਸੂਸ ਕਰਵਾਉਂਦਾ ਹੈ, ਉਸ ਵਿਅਕਤੀ ਦੀ ਰਿਪੋਰਟ ਕਰੋ ਅਤੇ ਉਸ ਨੂੰ ਬਲਾਕ ਕਰੋ।
- ਜੇਕਰ ਤੁਸੀਂ ਦੇਖਦੇ ਹੋ ਕਿ ਤੁਹਾਡਾ ਬੱਚਾ ਔਨਲਾਈਨ ਕੋਈ ਖਤਰੇ ਭਰਿਆ ਕੰਮ ਕਰ ਰਿਹਾ ਹੈ, ਤਾਂ ਉਨ੍ਹਾਂ ਨਾਲ ਗੱਲਬਾਤ ਕਰੋ ਕਿ ਇਹ ਵਿਹਾਰ ਅਸੁਰੱਖਿਅਤ ਕਿਉਂ ਹੈ ਅਤੇ ਇੱਕ ਸੁਰੱਖਿਅਤ ਹੱਲ ਲੱਭਣ ਲਈ ਮਿਲ ਕੇ ਕੰਮ ਕਰੋ।

plea

Children of the Street